## ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵਿਖੇ ਨੌਕਰੀ ਲਈ

# ‘ਲਿਖਤੀ ਅਤੇ ਮੁਲਾਕਾਤ ਇਮਤਿਹਾਨ ਦਾ ਪਾਠ-ਕ੍ਰਮ’

ਆਤਮ ਪਰਗਾਸ ਵਿਖੇ ‘ਸਹਾਇਕ ਪ੍ਰਾਜੈਕਟ ਪ੍ਰਬੰਧਕ’ ਦੀ ਨੌਕਰੀ ਲਈ ਚਾਹਵਾਨ ਪੋਸਟ ਗ੍ਰੇਜੁਏਟ ਉਮੀਦਵਾਰ ਹੇਠ ਲਿਖੇ ਪਾਠ-ਕ੍ਰਮ ਅਨੁਸਾਰ ਲਿਖਤੀ ਅਤੇ ਮੁਲਾਕਾਤ (Interview) ਇਮਤਿਹਾਨ ਦੀ ਤਿਆਰੀ ਕਰ ਸਕਦੇ ਹਨ। ਅਸਾਮੀਆਂ ਲਈ ਅਰਜ਼ੀਆਂ ਖੁੱਲਣ ਦੀ ਸੂਚਨਾ ਪ੍ਰਾਪਤ ਕਰਨ ਲਈ ਸੰਸਥਾ ਦੀ ਵੈੱਬਸਾਈਟ ਅਤੇ ਸਮਾਜਿਕ ਪਸਾਰ ਮਾਧਿਅਮਾਂ ਨਾਲ਼ ਜੁੜੇ ਰਹੋ ਜੀ।

1. ਕਿਤਾਬਾਂ:

   (i) **ਨੌਂਵੀਂ ਅਤੇ ਦਸਵੀਂ ਜਮਾਤ ਦੀ ‘ਆਧੁਨਿਕ ਪੰਜਾਬੀ-ਵਿਆਕਰਨ ਅਤੇ ਲੇਖ-ਰਚਨਾ’** (ਪ੍ਰਕਾਸ਼ਕ - ਪੰਜਾਬ ਸਕੂਲ ਸਿੱਖਿਆ ਬੋਰਡ)

   (ii) **ਸਚਿਆਰ ਗੁਰਮੁਖੀ ਅੱਖਰ ਗਿਆਨ** (ਪ੍ਰਕਾਸ਼ਕ - ਆਤਮ ਪਰਗਾਸ)

   (iii) **ਸਚਿਆਰ ਗੁਰਮੁਖੀ ਅੱਖਰ ਅਭਿਆਸ** (ਪ੍ਰਕਾਸ਼ਕ - ਆਤਮ ਪਰਗਾਸ)

   ਵਿਸ਼ੇਸ਼ ਟਿੱਪਣੀ: ਇਮਤਿਹਾਨ ਵਿੱਚ ਸਫਲ ਹੋਣ ਲਈ ਉਮੀਦਵਾਰ ਨੂੰ ਪੰਜਾਬੀ ਦੀ ਲਿਖਾਈ, ਮੁਹਾਰਨੀ, ਵੱਖ-ਵੱਖ ਧੁਨੀਆਂ ਦੇ ਉਚਾਰਨ ਵਿੱਚ ਅੰਤਰ (ਉਦਾਹਰਨ: ਗ-ਘ, ਙ-ਞ, ਣ-ਨ, ਰ-ੜ, ਜ-ਯ, ਜ-ਝ, ਬ-ਭ, ਸ-ਸ਼, ਸ਼-ਛ, ਖ-ਖ਼, ਗ-ਗ਼, ਜ-ਜ਼, ਫ-ਫ਼, ਲ-ਲ਼) ਅਤੇ ਇਹਨਾਂ ਅੱਖਰਾਂ ਵਾਲ਼ੇ ਸ਼ਬਦਾਂ (ਉਦਾਹਰਨ: ਲਾਲ - ਲਾਲ਼, ਸੇਰ - ਸ਼ੇਰ, ਸੱਕ - ਸ਼ੱਕ - ਛੱਕ, ਆਦਿ) ਦੇ ਉਚਾਰਨ ਵਿੱਚ ਮੁਹਾਰਤ ਅਤੇ ਠੀਕ/ਗ਼ਲਤ ਸ਼ਬਦ-ਜੋੜਾਂ ਦੀ ਸੋਝੀ ਹੋਣੀ ਲਾਜ਼ਮੀ ਹੈ।

2. **ਵੀਡੀਓ ਭਾਸ਼ਣ: ਵਲਵਲਾ** - ਡਾ. ਵਰਿੰਦਰਪਾਲ ਸਿੰਘ (https://youtu.be/CzG7ga3qbdY)

3. **ਵੀਡੀਓ ਭਾਸ਼ਣ: ਪੰਜਾਬ ਦੀ ਵਿਰਾਸਤੀ ਵਿੱਦਿਅਕ ਪ੍ਰਣਾਲੀ ਮੁੜ-ਸੁਰਜੀਤ ਕਿਵੇਂ ਕਰੀਏ?** - ਡਾ. ਵਰਿੰਦਰਪਾਲ ਸਿੰਘ (https://youtu.be/cRq7TL58wYs)

4. **ਕੰਪਿਊਟਰ:**

- ਮਾਈਕਰੋਸੋਫ਼ਟ ਔਫ਼ਿਸ (Microsoft Office): ਵਰਡ (Word), ਐਕਸਲ (Excel) ਅਤੇ ਪਾਵਰ ਪੁਆਇੰਟ (PowerPoint)
- ਅੰਗਰੇਜ਼ੀ ਅਤੇ ਪੰਜਾਬੀ ਟਾਈਪਿੰਗ (ਅਨਮੋਲ ਲਿਪੀ ਫੌਂਟ ਨਾਲ਼)
- ਮਾਈਕਰੋਸੋਫ਼ਟ ਟੀਮਜ਼ (Microsoft Teams) ਤੇ ਔਨਲਾਈਨ ਇਕੱਤਰਤਾ ਤੰਦ (meeting link) ਬਣਾਉਣਾ, ਮਾਈਕ ਅਤੇ ਵੀਡੀਓ ਚਾਲੂ/ਬੰਦ ਕਰਨੀ, ਸਾਥੀਆਂ ਨੂੰ ਇਕੱਤਰਤਾ ਵਿੱਚ ਸ਼ਾਮਲ (admit) ਕਰਨਾ, ਇਕੱਤਰਤਾ ਵਿੱਚ ਆਪਣੀ ਸਕਰੀਨ ਸਾਂਝੀ (screen share) ਕਰਨੀ ਅਤੇ ਚਿੱਟਾ ਫੱਟਾ (white board) ਵਰਤਣਾ।
- ਬਣਾਵਟੀ ਅਕਲ (Artificial Intelligence) ਦੀ ਵਰਤੋਂ ਨਾਲ਼ ਤਸਵੀਰ, ਵੀਡੀਓ ਆਦਿ ਬਣਾਉਣੀ।
- Graphic Designing Software (Photoshop, Canva, Coral Draw, etc.) ਦੀ ਸੁਚੱਜੀ ਵਰਤੋਂ ਕਰਨੀ।

5. **ਪੰਜਾਬ, ਪੰਜਾਬ ਦਾ ਸੱਭਿਆਚਾਰ ਅਤੇ ਇਤਿਹਾਸ ਸੰਬੰਧੀ ਆਮ ਜਾਣਕਾਰੀ (General Knowledge)**

6. **ਆਮ ਮਾਨਸਿਕ ਯੋਗਤਾ (General Mental Ability)** – ਹੇਠ ਲਿਖੇ ਵਿਸ਼ਿਆਂ ਸੰਬੰਧੀ ਮਾਨਸਿਕ ਯੋਗਤਾ ਦੀ ਪਰਖ:

- ਸੰਖਿਆ ਲੜੀ (Number Series)
- ਵਰਗੀਕਰਨ (Classification)
- ਸਮਾਨਤਾਵਾਂ (Analogies)
- ਅੰਕਾਖਰਕ ਵਿੱਦਿਆ (Computer Education)
- ਤਰਕ ਸ਼ਕਤੀ (Reasoning)
- ਅੰਕਾਂ ਅਤੇ ਚਿੱਤਰਾਂ ਦੀ ਵਿਆਖਿਆ (Interpretation of Graphs & Figures)
- ਮੁਲਾਂਕਣ ਅਤੇ ਸਿੱਟਾ ਕੱਢਣਾ (Evaluation and Inference)
- ਸਮਾਜ ਅਤੇ ਖ਼ੂਨ ਦੇ ਰਿਸ਼ਤੇ (Social & Blood Relations)